LLAIS

Eich llais mewn iechyd a gofal cymdeithasol | Your voice in health and social care



# ਅਸੀਂ ਕੌਣ ਹਾਂ

ਅਖੰਡਤਾ ~ ਲੋਕ ਕੇਂਦ੍ਰਿਤ ~ ਇਕੱਠੇ ਮਿਲ ਕੇ ਕੰਮ ਕਰਨਾ

ਲਾਇਸ ਵੇਲਜ਼ ਸਰਕਾਰ ਦੁਆਰਾ ਸਥਾਪਤ ਰਾਸ਼ਟਰੀ, ਸੁਤੰਤਰ ਸੰਸਥਾ ਹੈ ਜੋ ਵੇਲਜ਼ ਦੇ ਲੋਕਾਂ ਨੂੰ ਉਨ੍ਹਾਂ ਦੀਆਂ ਸਿਹਤ ਅਤੇ ਸਮਾਜਿਕ ਸੰਭਾਲ ਸੇਵਾਵਾਂ ਵਿੱਚ ਇੱਕ ਮਜ਼ਬੂਤ ਆਵਾਜ਼ ਚੁੱਕਣ ਲਈ ਸਥਾਪਤ ਕੀਤੀ ਗਈ ਹੈ।

## ਸਾਡੀਆਂ ਤਿੰਨ ਮੁੱਖ ਭੂਮਿਕਾਵਾਂ ਹਨ:

**01:** ਸਿਹਤ ਅਤੇ ਸਮਾਜਕ ਸੰਭਾਲ ਦੇ ਤੁਹਾਡੇ ਤਜ਼ਰਬਿਆਂ ਬਾਰੇ ਤੁਹਾਡੇ ਨਾਲ ਜੁੜਨਾ ਅਤੇ ਤੁਹਾਡੀ ਗੱਲ ਸੁਣਨਾ। ਤੁਸੀਂ ਸਾਨੂੰ ਕਮਿਊਨਟੀ ਵਿੱਚ, ਸਮਾਗਮਾਂ ਵਿੱਚ, ਡਰਾਪ-ਇਨਾਂ ਵਿੱਚ ਮਿਲ ਸਕਦੇ ਹੋ - ਅਸੀਂ ਤੁਹਾਨੂੰ ਉਹਨਾਂ ਥਾਵਾਂ 'ਤੇ ਮਿਲਣ ਦੀ ਕੋਸ਼ਿਸ਼ ਕਰਦੇ ਹਾਂ ਜੋ ਤੁਹਾਨੂੰ ਆਪਣੀ ਗੱਲ ਕਹਿਣ ਦਾ ਮੌਕਾ ਦੇਣ ਲਈ ਮਹੱਤਵਪੂਰਨ ਹਨ।

**02:** ਸਿਹਤ ਅਤੇ ਸਮਾਜਕ ਸੰਭਾਲ ਵਿੱਚ ਫੈਸਲੇ ਲੈਣ ਵਾਲਿਆਂ ਨੂੰ ਤੁਹਾਡੇ ਵਿਚਾਰਾਂ ਦੀ ਨੁਮਾਇੰਦਗੀ ਕਰਨਾ। ਕਾਨੂੰਨ ਅਨੁਸਾਰ, ਉਨ੍ਹਾਂ ਨੂੰ ਹੁਣ ਸਾਨੂੰ ਲਾਜ਼ਮੀ ਤੌਰ 'ਤੇ ਦੱਸਣਾ ਚਾਹੀਦਾ ਹੈ ਕਿ ਉਹ ਤੁਹਾਡੇ ਸੁਝਾਅ ਨਾਲ ਕੀ ਕਰਨ ਦੀ ਯੋਜਨਾ ਬਣਾ ਰਹੇ ਹਨ। ਜੇ ਉਹ ਇਸ 'ਤੇ ਕਾਰਵਾਈ ਨਹੀਂ ਕਰ ਸਕਦੇ, ਤਾਂ ਉਨ੍ਹਾਂ ਨੂੰ ਸਾਨੂੰ ਦੱਸਣ ਦੀ ਜ਼ਰੂਰਤ ਹੈ ਕਿ ਕਿਉਂ।

**03:** ਵੇਲਜ਼ ਦੇ ਹਰ ਖੇਤਰ ਵਿੱਚ ਸਿਹਤ ਅਤੇ ਸਮਾਜਕ ਸੰਭਾਲ ਬਾਰੇ ਸ਼ਿਕਾਇਤਾਂ ਦੀ ਵਕਾਲਤ ਸੇਵਾ ਪ੍ਰਦਾਨ ਕਰਨਾ

## ਕੀ ਤੁਸੀਂ ਵੇਲਜ਼ ਵਿੱਚ NHS ਜਾਂ ਸਮਾਜਕ ਸੰਭਾਲ ਸੇਵਾਵਾਂ ਦੀ ਵਰਤੋਂ ਕਰਦੇ ਹੋ?

ਸਾਨੂੰ ਇਹ ਦੱਸ ਕੇ ਭਵਿੱਖ ਨੂੰ ਰੂਪ ਦੇਣ ਵਿੱਚ ਸਾਡੀ ਮਦਦ ਕਰੋ ਕਿ ਤੁਸੀਂ ਉਨ੍ਹਾਂ ਬਾਰੇ ਕੀ ਸੋਚਦੇ ਹੋ।

## ਤੁਹਾਡੀ ਆਵਾਜ਼ ਪਹਿਲਾਂ ਨਾਲੋਂ ਹੁਣ ਵਧੇਰੀ ਸ਼ਕਤੀਸ਼ਾਲੀ ਹੈ



## ਆਪਣੀ ਗੱਲ ਅੱਗੇ ਰੱਖੋ

ਅਸੀਂ ਵੇਲਜ਼ ਦੀ ਸਾਰਿਆਂ ਵਿਭਿੰਨ ਕਮਿਉਨਿਟੀਆਂ ਦੇ ਲੋਕਾਂ ਦੀ ਸੁਣਨਾ ਚਾਹੁੰਦੇ ਹਾਂ, ਖ਼ਾਸਕਰ ਉਨ੍ਹਾਂ ਲੋਕਾਂ ਤੋਂ ਜਿਨ੍ਹਾਂ ਦੀਆਂ ਆਵਾਜ਼ਾਂ ਹਮੇਸ਼ਾ ਨਹੀਂ ਸੁਣੀਆਂ ਜਾਂਦੀਆਂ ਹਨ।



### ਤੁਹਾਡੀ ਆਪਣੀ ਗੱਲ ਕਹਿਣ ਦੇ ਬਹੁਤ ਸਾਰੇ ਤਰੀਕੇ ਹਨ:

- ਸਾਨੂੰ ਆਪਣੀ ਕਹਾਣੀ ਦੱਸੋ - ਸਾਡੀ ਵੈਬਸਾਈਟ 'ਤੇ 5 ਮਿੰਟ ਦਾ ਆਮ ਫੀਡਬੈਕ ਫਾਰਮ ਮੌਜੂਦ ਹੈ
- ਸ਼ਿਕਾਇਤ ਕਰਨ ਲਈ ਸਹਾਇਤਾ ਪ੍ਰਾਪਤ ਕਰੋ
- ਆਪਣੀਆਂ ਸਥਾਨਕ ਸੇਵਾਵਾਂ ਅਤੇ ਉਹਨਾਂ ਤੱਕ ਪਹੁੰਚ ਕਿਵੇਂ ਕਰਨੀ ਹੈ ਇਸ ਬਾਰੇ ਸਲਾਹ ਜਾਂ ਜਾਣਕਾਰੀ ਪ੍ਰਾਪਤ ਕਰੋ



• ਸਾਡੇ ਨਿਯਮਤ ਸਥਾਨਕ ਸਮਾਗਮਾਂ ਵਿੱਚੋਂ ਕਿਸੇ ਵਿੱਚ ਸ਼ਾਮਲ ਹੋਵੋ

• ਜਿੱਥੇ ਵੀ ਤੁਸੀਂ ਆਪਣੀ ਸਿਹਤ ਜਾਂ ਸਮਾਜਕ ਸੰਭਾਲ ਸੇਵਾ ਪ੍ਰਾਪਤ ਕਰ ਰਹੇ ਹੋ, ਅਸੀਂ ਤੁਹਾਡੇ ਨਾਲ ਉੱਥੇ ਮੁਲਾਕਾਤ ਕਰ ਸਕਦੇ ਹਾਂ

ਲਾਇਸ ਬਾਰੇ ਹੋਰ ਜਾਣਨ ਲਈ ਅਤੇ ਤੁਸੀਂ ਵੇਲਜ਼ ਵਿੱਚ ਸਾਡੇ ਨਾਲ ਸਿਹਤ ਅਤੇ ਸਮਾਜਕ ਸੰਭਾਲ ਵਿੱਚ ਸੁਧਾਰ ਕਰਨ ਵਿੱਚ ਕਿਵੇਂ ਸ਼ਾਮਲ ਹੋ ਸਕਦੇ ਹੋ, ਇਸ ਬਾਰੇ ਜ਼ਿਆਦਾ ਜਾਣਨ ਲਈ ਕਿਰਪਾ ਕਰਕੇ ਆਪਣੀ ਸਥਾਨਕ ਲਾਇਸ ਟੀਮ ਨਾਲ ਸੰਪਰਕ ਕਰੋ ਜਾਂ ਇਸ `ਤੇ ਜਾਓ

**www.llaiswales.org**

## ਕਿਸੇ ਮਹੱਤਵਪੂਰਨ ਚੀਜ਼ ਦਾ ਹਿੱਸਾ ਬਣੋ

ਜੇ ਤੁਸੀਂ ਇਹ ਪ੍ਰਕਾਸ਼ਨ ਬ੍ਰੇਲ, ਈਜ਼ੀ ਰੀਡ ਜਾਂ ਕਿਸੇ ਹੋਰ ਭਾਸ਼ਾ ਵਿੱਚ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਆਪਣੀ ਸਥਾਨਕ ਲਾਇਸ ਟੀਮ ਨਾਲ ਸੰਪਰਕ ਕਰੋ

# ਤੁਹਾਡੀ ਸਥਾਨਕ ਲਾਇਸ ਟੀਮ

**ਕਾਰਡਿਫ ਐਂਡ ਵੇਲ ਆਫ਼ ਗਲੈਮਰਗਨ**

ਕਾਰਡਿਫ ਅਤੇ ਵੇਲ ਆਫ਼ ਗਲੈਮਰਗਨ ਨੂੰ ਕਵਰ ਕਰਦੀ ਹੈ।
**ਟੈਲੀਫੋਨ:** 029 2075 0112
**ਈਮੇਲ:** cardiffandvaleenquiries@ llaiscymru.org

**ਕੂਮ ਤਾਫ ਮੋਰਗਨੂਗ** ਬ੍ਰਿਜੇਂਡ, ਰੋਂਦਾ ਕੁਨੋਨ ਤਾਫ ਅਤੇ ਮਰਥਰ ਟਿਡਵਿਲ ਨੂੰ ਕਵਰ ਕਰਦੀ ਹੈ।

**ਟੈਲੀਫੋਨ:** 01443 405830
**ਈਮੇਲ:** cwmtafmorgannwg enquiries@llaiscymru.org

**ਗ੍ਵੈਂਟ**
ਨਿਊਪੋਰਟ, ਕੈਅਰਫੀਲੀ, ਬਲਾਇਨਾਈ ਗ੍ਵੈਂਟ, ਮੋਨਮਥਸ਼ੀਰ ਅਤੇ ਤੋਰਵੈਨ ਨੂੰ ਕਵਰ ਕਰਦੀ ਹੈ।
**ਟੈਲੀਫੋਨ:** 01633 838516
**ਈਮੇਲ:** gwentenquiries@ llaiscymru.org

**ਨੀਥ ਪੋਰਟ ਤਾਲਬਟ ਅਤੇ ਸਵਾਨਜਈ**
ਨੀਥ ਪੋਰਟ **ਤਾਲਬਟ** ਅਤੇ ਸਵਾਨਜੀ ਨੂੰ ਕਵਰ ਕਰਦੀ ਹੈ।

**ਟੈਲੀਫੋਨ:** 01639 683490
**ਈਮੇਲ:** nptandswansea. **enquiries@llaiscymru.**org

**ਨਾਰਥ ਵੇਲਜ਼**

ਫਲਿੰਟਸ਼ਾਇਰ, ਡੈਨਬਿਗਸ਼ਾਇਰ,
ਰੈਕਸ਼ਮ, ਕੋਨਵੀ, ਐਂਗਲਸੀ ਅਤੇ ਗਵਿਨੇਥ।

**ਟੈਲੀਫੋਨ:** 01978 356178 / 01248 679284
**ਈਮੇਲ:** northwalesenquiries@ llaiscymru.org

**ਪੋਇਸ**
ਮੋਂਟਗੋਮਰੀਸ਼ਾਇਰ, ਬ੍ਰੇਕਨਕਸ਼ਾਇਰ ਅਤੇ ਰੈਡਨਰਸ਼ਾਇਰ ਨੂੰ ਕਵਰ ਕਰਦੀ ਹੈ।.
**ਟੈਲੀਫੋਨ:** 01874 624206/01686 627632
**ਈਮੇਲ:** powysenquiries@ llaiscymru.org

**ਵੈਸਟ ਵੇਲਜ਼**
ਪੈਮਬ੍ਰੋਕਸ਼ਾਇਰ, ਕਾਰਮਾਰਥਨਸ਼ਾਇਰ ਅਤੇ ਕੇਰੇਡੀਜੀਅਨ ਨੂੰ ਕਵਰ ਕਰਦੀ ਹੈ।
**ਟੈਲੀਫੋਨ:** 01646 697610
**ਈਮੇਲ:** westwalesenquiries@ llaiscymru.org

ਇਹ ਕਿਤਾਬਚਾ ਵੈਲਸ਼ ਵਿੱਚ ਵੀ ਉਪਲਬਧ ਹੈ। ਅਸੀਂ ਵੈਲਸ਼ ਵਿੱਚ ਕਾਲਾਂ ਅਤੇ ਪੱਤਰ-ਵਿਹਾਰ ਦਾ ਸਵਾਗਤ ਕਰਦੇ ਹਾਂ। ਜੇ ਤੁਸੀਂ ਸਾਨੂੰ ਵੈਲਸ਼ ਵਿੱਚ ਲਿਖਦੇ ਹੋ ਤਾਂ ਅਸੀਂ ਤੁਹਾਨੂੰ ਵੈਲਸ਼ ਵਿੱਚ ਜਵਾਬ ਦੇਵਾਂਗੇ, ਅਤੇ ਇਸ ਨਾਲ ਦੇਰੀ ਨਹੀਂ ਹੋਵੇਗੀ।

LLAIS

Eich llais chi mewn iechyd a gofal | Your voice in health and social care